**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੱ:) ਅਤੇ (ਐ:ਸਿੱ:)
ਪੰਜਾਬ।
(ਵੈੱਬ ਸਾਈਟ ਰਾਹੀਂ)
ਮੀਮੋ ਨੰ: 15/86-2015 ਤੇ(1)/378088
ਮਿਤੀ: 05.11.2019

ਵਿਸ਼ਾ: ਸਕੂਲ ਮੁਖੀਆਂ ਦੀਆਂ ਛੁੱਟੀਆਂ ਪ੍ਰਵਾਨ/ਅਪ੍ਰਵਾਨ ਕਰਨ ਸਬੰਧੀ।

1.0 ਇਹ ਮਾਮਲਾ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲ ਮੁਖੀ ਆਪਣੀ ਛੁੱਟੀ ਪ੍ਰਵਾਨ ਕਰਨ ਲਈ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ਨੂੰ ਭੇਜਦੇ ਹਨ।

2.0 ਸਕੂਲ ਮੁਖੀ ਆਪਣੀ ਛੁੱਟੀ ਪ੍ਰਵਾਨ ਕਰਵਾਉਣ ਲਈ ਅਰਜ਼ੀਆਂ ਈ.ਮੇਲ ਜਾਂ ਵਟਸਐਪ ਰਾਹੀਂ ਭੇਜਦੇ ਹਨ। ਜਿਵੇਂ ਕਿ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਨਾ ਤਾਂ ਛੁੱਟੀ ਦੀ ਅਰਜ਼ੀਆਂ/ਪ੍ਰਤੀ ਬੇਨਤੀਆਂ ਪ੍ਰਵਾਨ ਕਰਦੇ ਹਨ ਅਤੇ ਨਾ ਹੀ ਅਪ੍ਰਵਾਨ ਕਰਦੇ ਹਨ। ਨਤੀਜੇ ਵੱਜੋਂ ਇਹ ਅਰਜ਼ੀਆਂ/ਪ੍ਰਤੀ ਬੇਨਤੀਆਂ ਪੈਂਡਿੰਗ ਰੱਖੀਆਂ ਜਾਂਦੀਆਂ ਹਨ। ਇਹ ਅਧੂਰੀ ਪ੍ਰਕਿਰਿਆ ਨਾਲ ਨਾ ਤਾਂ ਸਕੂਲ ਮੁਖੀ ਦਾ ਅਤੇ ਨਾ ਹੀ ਵਿਭਾਗ ਦਾ ਕੋਈ ਉਦੇਸ਼ ਪੂਰਾ ਹੁੰਦਾ ਹੈ।

3.0 ਇਸ ਲਈ ਇਹ ਫ਼ੈਸਲਾ ਲਿਆ ਜਾਂਦਾ ਹੈ ਕਿ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੱ:) ਅਤੇ (ਐ:ਸਿੱ:) ਨੂੰ ਸਹਿਯੋਗੀ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਦੀਆਂ ਅਰਜ਼ੀਆਂ/ਪ੍ਰਤੀ ਬੇਨਤੀਆਂ ਬਾਰੇ ਸਮੇਂ ਦੇ ਅੰਦਰ ਤੁਰੰਤ ਫ਼ੈਸਲਾ ਲੈਣਾ ਚਾਹੀਦਾ ਹੈ। ਇਹ ਹੋਰ ਵੀ ਉਚਿਤ ਹੋਵੇਗਾ ਕਿ ਜੇ ਰੋਜ਼ਾਨਾ ਇਹਨਾਂ ਅਰਜ਼ੀਆਂ/ਪ੍ਰਤੀ ਬੇਨਤੀਆਂ ਬਾਰੇ ਫ਼ੈਸਲਾ ਕੀਤਾ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ: 15/86-2015 ਤੇ(1)/378089 ਮਿਤੀ: 05.11.2019

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਸਕੂਲ ਸਿੱਖਿਆ
ਪੰਜਾਬ